2014

This question paper contains 3 printed pages]

**Roll No.** | | | | | | | | | | | |

S. No. of Question Paper : **1017**

Unique Paper Code : **212282** **D**

Name of the Paper : **CH-2.5 Punjabi-B**

Name of the Course : **B.Com. (H)**

Semester : **II**

Duration : **3 Hours** Maximum Marks : **75**

*(Write your Roll No. on the top immediately on receipt of this question paper.)*

**ਨੋਟ** : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਲੋਕ ਕਥਾ ਦੀ ਪਰਿਭਾਸ਼ਾ ਕਰਦੇ ਹੋਏ ਇਸ ਦੇ ਪ੍ਰਕਾਰ ਲਿਖੋ। 15

**ਜਾਂ**

'ਬਾਤਾਂ ਮੁੱਢ ਕਦੀਮ ਦੀਆਂ' ਪੁਸਤਕ ਦੀ ਭੂਮਿਕਾ ਵਿਚ ਲੇਖਕ ਨੇ ਕਿਹੜੇ ਵਿਚਾਰ ਪੇਸ਼ ਕੀਤੇ ਹਨ?

2. ਹੇਠ ਲਿਖੀਆਂ ਬਾਤਾਂ ਵਿਚੋਂ ਕਿਸੇ **ਇਕ** ਦਾ ਸਾਰ ਲਿਖੋ:- 15

ੳ) ਮਾਇਆ ਤੇ ਕਰਮ

ਅ) ਦਾਨਾ ਸ਼ਾਹੂਕਾਰ

ੲ) ਤੀਵੀਆਂ ਦੇ ਵਸਫ਼

ਸ) ਜਦੋਂ ਕੋਈ ਰਜਦਾ ਨਹੀਂ

ਹ) ਨਿੱਕਾ ਜਿਹਾ ਚਲਿਤ੍ਰ

ਕ) ਚੰਦਰੀ ਸੰਗਤ

3. ਹੇਠ ਲਿਖੇ ਛੋਟੇ ਪ੍ਰਸ਼ਨਾਂ ਵਿਚੋਂ **ਪੰਜ** ਦਾ 50 ਸ਼ਬਦਾਂ ਵਿਚ ਉੱਤਰ ਦਿਓ। 10

ੳ) ਨੀਤੀ ਕਥਾ ਦੀ ਪਰਿਭਾਸ਼ਾ ਲਿਖੋ।

ਅ) 'ਚੰਦਰੀ ਸੰਗਤ' ਦਾ ਸੰਦੇਸ਼ ਆਪਣੇ ਸ਼ਬਦਾਂ ਵਿਚ ਲਿਖੋ।

ੲ) ਮੁੱਢੀਆਂ ਦੀ ਪਰਿਭਾਸ਼ਾ ਦੱਸੋ।

ਸ) 'ਲੂਣ ਦਾ ਘਰ' ਜਨੌਰ ਕਥਾ ਵਿਚ ਚਿੜੀ ਕਾਂ ਦੇ ਘਰ ਕੀ ਲੈਣ ਗਈ?

ਹ) ਪਰੀ ਕਥਾ ਦੀ ਪਰਿਭਾਸ਼ਾ ਲਿਖੋ।

ਕ) 'ਇਕ ਖਾਵਾਂ ਕਿ ਦੋ ਖਾਵਾਂ' ਬਾਤ ਤੋਂ ਤੁਹਾਨੂੰ ਕੀ ਸਿਖਿਆ ਮਿਲਦੀ ਹੈ?

ਖ) ਚਲਿਤ੍ਰ ਕਥਾ ਕਿਸ ਨੂੰ ਆਖਦੇ ਹਨ?

ਗ) 'ਲੂਣ ਦਾ ਘਰ' ਜਨੌਰ ਕਥਾ ਤੋਂ ਕੀ ਸਿੱਖਿਆ ਮਿਲਦੀ ਹੈ?

4. ਕਾਲਜ ਦੇ ਪ੍ਰਿੰਸੀਪਲ ਨੂੰ ਕਾਲਜ ਵਿਖੇ ਵਧ ਰਹੀ ਰੈਗਿੰਗ ਦੇ ਖ਼ਿਲਾਫ਼ ਸ਼ਿਕਾਇਤੀ ਪੱਤਰ ਲਿਖੋ। 15

**ਜਾਂ**

ਤੁਹਾਡੇ ਇਲਾਕੇ ਵਿਚ ਕੋਈ ਹਸਪਤਾਲ ਨਹੀਂ, ਡਾਇਰੈਕਟਰ ਸਿਹਤ ਵਿਭਾਗ ਨੂੰ ਆਪਣੇ ਇਲਾਕੇ ਵਿਚ ਹਸਪਤਾਲ ਖੋਲਣ ਲਈ ਬਿਨੈ-ਪੱਤਰ ਲਿਖੋ।

5. ਸ਼ਬਦ ਜੋੜਾਂ ਦੇ 'ਹ' ਧੁਨੀ ਨਾਲ ਸੰਬੰਧਿਤ ਨੇਮ ਲਿਖੋ। 10

**ਜਾਂ**

ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰੋ:-

ਪਯਾਰ, ਅੰਬਰਸਰ, ਅੰਮਰਿਤ, ਗਰੰਥ, ਪਰੇਮ, ਪਰਭੂ, ਅਭਿਯਾਸ, ਸੂਰਯ, ਵਾਕਯ, ਗਯਾ।

6. ਲਿੰਗ ਬਦਲ ਕੇ ਕੋਈ ਪੰਜ ਵਾਕਾਂ ਦਾ ਵਾਕ ਵਟਾਂਦਰਾ ਕਰੋ:- 05

ੳ) ਘੋੜਾ ਘਾਹ ਚਰ ਰਿਹਾ ਹੈ।

ਅ) ਮਾਮੀਆਂ ਗਾ ਰਹੀਆਂ ਹਨ।

ੲ) ਮੁੰਡਾ ਫੁੱਟਬਾਲ ਖੇਡ ਰਿਹਾ ਹੈ।

ਸ) ਰਾਣੀ ਦਾ ਦਿੱਲ ਬਹੁਤ ਵੱਡਾ ਹੈ।

ਹ) ਰੁੱਖਹ 'ਤੇ ਕਬੂਤਰ ਬੈਠਾ ਹੈ।

ਕ) ਅਧਿਆਪਿਕਾ ਪੜ੍ਹਾ ਰਹੀ ਹੈ।

7. ਵਚਨ ਬਦਲ ਕੇ ਵਾਕ ਵਣਾਂਦਰਾ ਕਰੋ:- 05

ੳ) ਬੱਚਾ ਟੀ ਵੀ ਦੇਖ ਰਿਹਾ ਹੈ।

ਅ) ਮੈਦਾਨ ਵਿਚ ਬੱਚਾ ਬੈਠਾ ਹੈ।

ੲ) ਰੱਖੜੀ ਭੈਣ-ਭਰਾ ਦਾ ਤਿਉਹਾਰ ਹੈ।

ਸ) ਬਾਗ ਫੁੱਲਾਂ ਨਾਲ ਭਰਿਆ ਹੈ।

ਹ) ਉਸ ਦੇ ਹੱਥ ਵਿਚ ਐਨਕ ਹੈ।

ਕ) ਮੇਜ਼ 'ਤੇ ਪੈਂਸਿਲ ਪਈ ਹੈ।